ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਦੰਦਾਂ ਦੀ ਸਫ਼ਾਈ FREE ਮੁਫ਼ਤ
905-458-3344
With CDCP

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

12 Beds, 7 Baths
For 24 Guests
905-965-4644

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

Personal Loan
Business Loan
Home Line of Credit
905-965-4644

ਅਜੀਤ
AJIT WEEKLY
Division of 6178235 canada inc.
Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਕੈਨੇਡਾ ਦੀ ਕਾਰਨੀ ਸਰਕਾਰ ਖ਼ਿਲਾਫ਼ 31 ਜਨਵਰੀ ਨੂੰ ਦੇਸ਼ ਪੱਧਰੀ ਪ੍ਰਦਰਸ਼ਨਾਂ ਦਾ ਐਲਾਨ

ਔਟਵਾ: ਕੈਨੇਡਾ 'ਚ 31 ਜਨਵਰੀ ਨੂੰ ਇੱਕ ਵੱਡਾ ਰਾਜਨੀਤਿਕ ਅਤੇ ਸਮਾਜਿਕ ਹੰਗਾਮਾ ਦੇਖਣ ਨੂੰ ਮਿਲ ਸਕਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਲੋਕਾਂ ਨੇ ਇੱਕਜੁੱਟ ਹੋ ਕੇ ਦੇਸ਼-ਵਿਆਪੀ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੈ।

ਇਸ ਤਹਿਤ ਕੈਨੇਡਾ ਦੇ ਪੂਰਬੀ ਤੱਟ ਤੋਂ ਲੈ ਕੇ ਪੱਛਮੀ ਤੱਟ ਤਕ ਦੇ ਮੁੱਖ ਸ਼ਹਿਰਾਂ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉੱਤਰ ਕੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕਰਨਗੇ।

ਇਨ੍ਹਾਂ ਪ੍ਰਦਰਸ਼ਨਾਂ ਦਾ ਮੁੱਖ ਉਦੇਸ਼ ਮੌਜੂਦਾ ਸਿਆਸੀ ਅਗਵਾਈ ਤੋਂ ਜਵਾਬਦੇਹੀ ਦੀ ਮੰਗ ਕਰਨਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਨੂੰ ਇਸ ਸਮੇਂ ਅਸਲ ਅਗਵਾਈ ਦੀ ਲੋੜ ਹੈ। ਸੋਸ਼ਲ ਮੀਡੀਆ ਅਤੇ ਵੱਖ-ਵੱਖ ਜਥੇਬੰਦੀਆਂ ਰਾਹੀਂ ਲੋਕਾਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਸਾਂਝੀ ਆਵਾਜ਼ ਬੁਲੰਦ ਕੀਤੀ ਜਾ ਸਕੇ।

ਜਾਣਕਾਰੀ ਅਨੁਸਾਰ ਟੋਰੌਂਟੋ, ਵੈਨਕੂਵਰ, ਕੈਲਗਰੀ, ਐਡਮੰਟਨ

ਅਤੇ ਰਾਜਧਾਨੀ ਔਟਵਾ ਵਰਗੇ ਵੱਡੇ ਸ਼ਹਿਰਾਂ 'ਚ ਪ੍ਰਦਰਸ਼ਨਾਂ ਦੀ ਰੂਪ-ਰੇਖਾ ਤਿਆਰ ਕਰ ਲਈ ਗਈ ਹੈ। ਪ੍ਰਦਰਸ਼ਨਕਾਰੀ ਵੱਖ-ਵੱਖ ਮੁੱਦਿਆਂ 'ਤੇ ਕਾਰਨੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰ ਰਹੇ ਹਨ, ਅਤੇ ਪਾਰਦਰਸ਼ੀ ਪ੍ਰਸ਼ਾਸ਼ਨ ਦੀ ਮੰਗ ਕਰ ਰਹੇ ਹਨ।

31 ਜਨਵਰੀ ਨੂੰ ਹੋਣ ਵਾਲੇ ਇਸ ਵਿਸ਼ਾਲ ਇਕੱਠ ਨੂੰ ਦੇਖਦੇ ਹੋਏ ਵੱਖ-ਵੱਖ ਸ਼ਹਿਰਾਂ ਦੀ ਪੁਲੀਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ। ਪ੍ਰਸ਼ਾਸ਼ਨ ਵਲੋਂ ਅਪੀਲ ਕੀਤੀ ਗਈ ਹੈ ਕਿ ਪ੍ਰਦਰਸ਼ਨ ਸ਼ਾਂਤਮਈ ਰੱਖਿਆ ਜਾਵੇ ਤਾਂ ਜੋ ਆਮ ਜਨ-ਜੀਵਨ 'ਚ ਵਿਘਨ ਨਾ ਪਵੇ।

ਹਾਲਾਂਕਿ ਇਸ ਪ੍ਰਦਰਸ਼ਨ ਦੇ ਪਿੱਛੇ ਕਈ ਸਥਾਨਕ ਅਤੇ ਰਾਸ਼ਟਰੀ ਮੁੱਦੇ ਜੁੜੇ ਹੋਏ ਹਨ, ਪਰ ਮੁੱਖ ਤੌਰ 'ਤੇ ਲੋਕ ਸਰਕਾਰੀ ਫ਼ੈਸਲਿਆਂ 'ਚ ਪਾਰਦਰਸ਼ਤਾ, ਆਰਥਿਕ ਨੀਤੀਆਂ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ, ਲੀਡਰਸ਼ਿਪ 'ਚ ਬਦਲਾਅ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੀ ਮੰਗ ਕਰ ਰਹੇ ਹਨ। ਇਹ ਪ੍ਰਦਰਸ਼ਨ ਕੈਨੇਡਾ ਦੀ ਮੌਜੂਦਾ ਰਾਜਨੀਤਿਕ ਸਥਿਤੀ 'ਚ ਇੱਕ ਮਹੱਤਵਪੂਰਣ ਮੋੜ ਸਾਬਿਤ ਹੋ ਸਕਦਾ ਹੈ ਕਿਉਂਕਿ ਦੇਸ਼ ਭਰ 'ਚ ਇੱਕੋ ਦਿਨ ਇੰਨੇ ਵੱਡੇ ਪੱਧਰ 'ਤੇ ਇਕੱਠ ਹੋਣਾ ਇੱਕ ਵੱਡੀ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

Personal Loan
Business Loan
Home Line of Credit
905-965-4644

ਲੀਗਲ ਸੇਵਾਵਾਂ
905-913-2355

ਸਸਤੀਆਂ ਹਵਾਈ ਟਿਕਟਾਂ
905-595-1700

ਦੰਦਾਂ ਦੀ ਦੇਖਭਾਲ
905-450-5600

ਦੰਦ ਲਗਵਾਓ FREE ਮੁਫ਼ਤ
905-458-3344
With CDCP

ਇੰਡੀਅਨ ਵੀਜ਼ਾ
OCI & Passport
Renewal
514-389-7070

Afghanistan 'ਚ ਗ਼ੁਲਾਮ ਰੱਖਣਾ ਬਣਿਆ ਕਾਨੂੰਨੀ

ਕਾਬੁਲ: ਅਫ਼ਗ਼ਾਨਿਸਤਾਨ 'ਚ ਤਾਲਿਬਾਨ ਸ਼ਾਸਨ ਨੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਦੀਆਂ ਪੁਰਾਣੀ ਗ਼ੁਲਾਮੀ ਪ੍ਰਥਾ (Slavery) ਨੂੰ ਮੁੜ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਜਨਵਰੀ 2026 'ਚ ਤਾਲਿਬਾਨ ਦੇ ਸਰਵਉੱਚ ਨੇਤਾ ਮੁੱਲਾ ਹਿਬਤੁੱਲ੍ਹਾ ਅਖ਼ੁੰਦਜ਼ਾਦਾ ਨੇ ਇੱਕ ਨਵੇਂ ਅਪਰਾਧਕ ਕਾਨੂੰਨ (Criminal Procedure Code) ਨੂੰ ਮਨਜ਼ੂਰੀ ਦਿੱਤੀ ਹੈ ਜਿਸ 'ਚ ਸਪੱਸ਼ਟ ਤੌਰ 'ਤੇ ਗ਼ੁਲਾਮ (Slave) ਅਤੇ ਮਾਲਕ (Master) ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਮੌਲਵੀਆਂ ਨੂੰ ਅਪਰਾਧ ਕਰਨ ਦੀ ਖੁੱਲ੍ਹ: ਤਾਲਿਬਾਨ ਦੇ ਇਸ ਨਵੇਂ ਕਾਨੂੰਨ 'ਚ ਮੌਲਵੀਆਂ ਨੂੰ ਇੱਕ ਵੱਡੀ ਰਾਹਤ ਦਿੱਤੀ ਗਈ ਹੈ। ਜੇਕਰ ਇੱਕ ਮੌਲਵੀ ਕੋਈ ਅਪਰਾਧ ਕਰਦਾ ਹੈ ਤਾਂ ਉਸ ਵਿਰੁੱਧ ਮੁਕੱਦਮਾ ਨਹੀਂ ਚਲਾਇਆ ਜਾਵੇਗਾ, ਅਤੇ ਨਾ ਹੀ ਉਸ ਨੂੰ ਕੋਈ ਸਜ਼ਾ ਦਿੱਤੀ ਜਾਵੇਗੀ ਸਗੋਂ ਉਸ ਨੂੰ ਸਿਰਫ਼ ਸਮਝਾਇਆ ਜਾਵੇਗਾ। ਇਸ ਦੇ ਉਲਟ, ਹੇਠਲੇ ਵਰਗ ਦੇ ਲੋਕਾਂ ਨੂੰ ਇੱਕੋ ਜਿਹੇ ਅਪਰਾਧ ਲਈ ਜੇਲ੍ਹ ਅਤੇ ਸ਼ਰੀਰਕ ਤਸੀਹੇ ਦੋਵੇਂ ਭੁਗਤਣੇ ਪੈਣਗੇ।

ਮਨੁੱਖੀ ਅਧਿਕਾਰ ਸੰਗਠਨ

ਰਵਾਦਾਰੀ ਦੀ ਰਿਪੋਰਟ ਅਨੁਸਾਰ ਤਾਲਿਬਾਨ ਦੇ ਨਵੇਂ ਕੋਡ ਦੀ ਧਾਰਾ 9 ਅਫ਼ਗ਼ਾਨ ਸਮਾਜ ਨੂੰ ਚਾਰ ਅਸਮਾਨ ਸ਼੍ਰੇਣੀਆਂ 'ਚ ਵੰਡਦੀ ਹੈ: 1. ਉਲੇਮਾ (ਮੌਲਵੀ) ਜਿਸ ਦਾ ਦਰਜਾ ਸਭ ਤੋਂ ਉੱਚਾ ਹੈ। 2. ਅਸ਼ਰਫ਼। 3. ਮੱਧ ਵਰਗ। 4. ਹੇਠਲਾ ਵਰਗ ਜਿਸ ਨੂੰ ਸਭ ਤੋਂ ਸਖ਼ਤ ਸਜ਼ਾਵਾਂ ਮਿਲਣਗੀਆਂ। ਇਸ ਕਾਨੂੰਨ ਰਾਹੀਂ ਸਮਾਜ ਨੂੰ ਆਜ਼ਾਦ ਅਤੇ ਗ਼ੁਲਾਮ 'ਚ ਵੰਡਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਕਿ ਅੰਤਰਰਾਸ਼ਟਰੀ ਕਾਨੂੰਨਾਂ ਦੀ ਸਿੱਧੀ ਉਲੰਘਣਾ ਹੈ।

ਦੁਨੀਆਂ ਭਰ 'ਚ ਹੋ ਰਹੀ ਹੈ ਨਿਖੇਧੀ: ਤਾਲਿਬਾਨ ਦੇ ਇਸ ਫ਼ੈਸਲੇ ਨੇ ਦੁਨੀਆਂ ਭਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਚਿੰਤਾ 'ਚ ਪਾ ਦਿੱਤਾ ਹੈ। ਅਫ਼ਗ਼ਾਨਿਸਤਾਨ ਦੇ ਸਾਬਕਾ ਅਟਰਨੀ ਜਨਰਲ ਮੁਹੰਮਦ ਫ਼ਰੀਦ ਹਾਮਿਦੀ ਨੇ ਇਸ ਨੂੰ ਮਨੁੱਖੀ ਸਨਮਾਨ 'ਤੇ ਸਿੱਧਾ ਹਮਲਾ ਦੱਸਿਆ ਹੈ। ਵਿਰੋਧੀ ਧਿਰ ਦਾ ਸੁਪਰੀਮ ਕੌਂਸਲ ਔਫ਼ ਨੈਸ਼ਨਲ ਰੈਜ਼ਿਸਟੈਂਸ ਨੇ ਕਿਹਾ ਹੈ ਕਿ ਇਹ ਪ੍ਰਬੰਧ ਮੱਧਕਾਲੀਨ ਯੁੱਗ ਤੋਂ ਵੀ ਮਾੜੇ ਹਨ।

ਔਰਤਾਂ ਦੇ ਅਧਿਕਾਰਾਂ ਤੋਂ ਬਾਅਦ ਹੁਣ ਗ਼ੁਲਾਮੀ: ਜ਼ਿਕਰਯੋਗ ਹੈ ਕਿ ਤਾਲਿਬਾਨ ਪਹਿਲਾਂ ਹੀ ਔਰਤਾਂ ਦੀ ਸਿੱਖਿਆ, ਅਤੇ ਉਨ੍ਹਾਂ ਦੇ ਅਧਿਕਾਰਾਂ 'ਤੇ ਕਈ ਪਾਬੰਦੀਆਂ ਲਗਾ ਚੁੱਕੇ ਹਨ। ਪਿਛਲੇ ਸਾਲ ਔਰਤਾਂ ਦੁਆਰਾ ਲਿਖੀਆਂ 140 ਕਿਤਾਬਾਂ, ਅਤੇ 18 ਵਿਸ਼ਿਆਂ ਨੂੰ ਪੜ੍ਹਾਉਣ 'ਤੇ ਵੀ ਰੋਕ ਲਗਾ ਦਿੱਤੀ ਗਈ ਸੀ। ਹੁਣ ਇਸ ਨਵੇਂ ਕਾਨੂੰਨ ਨੇ ਅਫ਼ਗ਼ਾਨਿਸਤਾਨ 'ਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ।

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਦੰਦਾਂ ਦੀ ਸਫ਼ਾਈ FREE ਮੁਫ਼ਤ
905-458-3344
With CDCP

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਵਕੀਲ ਦੀ ਲੋੜ ?
905-362-0755

ਦੰਦ ਲਗਵਾਓ FREE ਮੁਫ਼ਤ
905-458-3344
With CDCP

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਮਰਦਾਨਾ ਕਮਜ਼ੋਰੀ
416-992-5489

Electrtic Brush or Teeth Whitening
FREE ਮੁਫ਼ਤ
905-458-3344
With Teeth Cleaning & New Patient Exam

12 Beds, 7 Baths
For 24 Guests
905-965-4644

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਗੈਂਗਸਟਰ ਗੋਲਡੀ ਬਰਾੜ ਦੇ ਮਾਤਾ-ਪਿਤਾ 30 ਜਨਵਰੀ ਤਕ ਰਿਮਾਂਡ 'ਤੇ

ਸ੍ਰੀ ਮੁਕਤਸਰ ਸਾਹਿਬ: ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰਿਤਪਾਲ ਕੌਰ ਨੂੰ ਸ੍ਰੀ ਮੁਕਤਸਰ ਸਾਹਿਬ ਪੁਲਸ ਵਲੋਂ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਵਾਂ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ ਵਿੱਚ ਦਰਜ ਰੰਗਦਾਰੀ ਅਤੇ ਜਾਨੋਂ ਮਾਰਨ ਦੀ ਧਮਕੀ ਦੇ ਇੱਕ ਕੇਸ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। 26 ਜਨਵਰੀ ਨੂੰ ਦੋਵਾਂ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਸੀ ਜਿੱਥੇ ਉਨ੍ਹਾਂ ਦਾ ਇੱਕ ਦਿਨ ਦਾ ਰਿਮਾਂਡ ਮਿਲਿਆ ਸੀ ਜੋ 27 ਜਨਵਰੀ ਨੂੰ ਖ਼ਤਮ ਹੋ ਗਿਆ। ਉਸ ਤੋਂ ਬਾਅਦ ਉਨ੍ਹਾਂ ਨੂੰ ਮੁੜ ਮੰਗਲਵਾਰ ਦੀ ਦੇਰ ਸ਼ਾਮ CJM ਨੀਰਜ ਕੁਮਾਰ ਸਿੰਗਲਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਪੁਲੀਸ ਨੂੰ 30 ਜਨਵਰੀ ਤਕ ਦਾ ਰਿਮਾਂਡ ਮਿਲਿਆ।

ਦੱਸਿਆ ਜਾ ਰਿਹਾ ਹੈ ਕਿ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਪੰਜਾਬ ਪੁਲੀਸ ਦੇ ਰਿਟਾਇਰਡ ASI ਹਨ। ਇਸ ਮਾਮਲੇ 'ਚ ਫ਼ਿਲਹਾਲ ਗੋਲਡੀ ਬਰਾੜ ਦਾ ਨਾਮ ਸਾਹਮਣੇ ਨਹੀਂ ਆਇਆ। ਗੋਲਡੀ ਬਰਾੜ ਦੇ ਮਾਤਾ-ਪਿਤਾ ਦੇ ਵਕੀਲ ਬਾਬੂ ਸਿੰਘ ਸਿੱਧੂ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ 'ਚ 3 ਦਸੰਬਰ 2024 ਨੂੰ ਦਰਜ ਰੰਗਦਾਰੀ ਅਤੇ ਜਾਨੋਂ ਮਾਰਨ ਦੀ ਧਮਕੀ ਦੇ ਇੱਕ ਮਾਮਲੇ 'ਚ ਪੁਲੀਸ ਨੇ ਗੈਂਗਸਟਰ ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਅੰਮ੍ਰਿਤਸਰ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਸਥਿਤ ਇੱਕ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਸੀ। ਇਹ ਕਾਰਵਾਈ ਇੱਕ ਸਰਕਾਰੀ ਕਰਮਚਾਰੀ ਸਤਨਾਮ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਸੀ ਜਿਸ ਨੂੰ ਵਿਦੇਸ਼ੀ ਮੋਬਾਈਲ ਨੰਬਰ ਤੋਂ ਇੱਕ WhatsApp ਕਾਲ ਰਾਹੀਂ ਰੰਗਦਾਰੀ ਦੀ ਧਮਕੀ ਦਿੱਤੀ ਗਈ ਸੀ।

ਸ਼ਿਕਾਇਤਕਰਤਾ ਸਤਨਾਮ ਸਿੰਘ ਨੇ ਪੁਲੀਸ ਨੂੰ ਦੱਸਿਆ ਸੀ ਕਿ ਉਹ ਪਿਛਲੇ 33 ਸਾਲਾਂ ਤੋਂ ਸਿੱਖਿਆ ਵਿਭਾਗ 'ਚ ਕੰਮ ਕਰ ਰਿਹਾ ਹੈ। ਸ਼ਿਕਾਇਤਕਰਤਾ ਅਨੁਸਾਰ 27 ਨਵੰਬਰ 2024 ਨੂੰ ਸਕੂਲ ਵਿੱਚ ਡਿਊਟੀ ਦੌਰਾਨ ਉਸ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਕਾਲ ਆਈ ਜਿਸ 'ਚ ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਬੰਬੀਹਾ ਗੈਂਗ ਦਾ ਮੈਂਬਰ ਦੱਸਦਿਆਂ ਉਸ ਤੋਂ 50 ਲੱਖ ਰੁਪਏ ਦੀ ਰੰਗਦਾਰੀ ਦੀ ਮੰਗ ਕੀਤੀ। ਮੁਲਜ਼ਮ ਨੇ ਰੁਪਏ ਨਾ ਦੇਣ 'ਤੇ ਸ਼ਿਕਾਇਤਕਰਤਾ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਉਸ ਤੋਂ ਬਾਅਦ 3 ਦਸੰਬਰ 2024 ਨੂੰ ਵੀ ਡਿਊਟੀ 'ਤੇ ਜਾਂਦੇ ਸਮੇਂ ਉਸ ਨੂੰ ਉਸੇ ਨੰਬਰ ਤੋਂ ਕਾਲ ਆਈ ਤਾਂ ਉਹ ਘਬਰਾ ਗਿਆ। ਉਸ ਵਾਰ ਉਸ ਨੇ ਕਾਲ ਤਾਂ ਰਿਸੀਵ ਨਹੀਂ ਕੀਤੀ, ਪਰ ਪੁਲੀਸ ਨੂੰ ਸ਼ਿਕਾਇਤ ਦੇ ਦਿੱਤੀ ਜਿਸ 'ਤੇ 3 ਦਸੰਬਰ 2024 ਨੂੰ ਥਾਣਾ ਸਦਰ 'ਚ ਕੇਸ ਦਰਜ ਕਰ ਲਿਆ ਗਿਆ। ਹੁਣ ਕਰੀਬ ਇੱਕ ਸਾਲ ਤੋਂ ਵੱਧ ਸਮੇਂ ਬਾਅਦ 24 ਜਨਵਰੀ 2026 ਨੂੰ ਫ਼ਿਰ ਸ਼ਿਕਾਇਤਕਰਤਾ ਨੇ ਪੁਲੀਸ ਨੂੰ ਦੱਸਿਆ ਕਿ ਉਹ ਆਪਣੇ ਪੱਧਰ 'ਤੇ ਮਾਮਲੇ ਦੀ ਤਫ਼ਤੀਸ਼ ਕਰਦਾ ਰਿਹਾ ਹੈ, ਅਤੇ ਇਸ ਵਿੱਚ ਸਾਬਕਾ ASI ਸ਼ਮਸ਼ੇਰ ਸਿੰਘ ਦਾ ਹੱਥ ਹੈ। ਪੁਲੀਸ ਨੇ 25 ਜਨਵਰੀ 2026 ਨੂੰ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰਿਤਪਾਲ ਕੌਰ ਦਾ ਨਾਮ ਬਤੌਰ ਮੁਲਜ਼ਮ ਕੇਸ 'ਚ ਸ਼ਾਮਿਲ ਕਰ ਲਿਆ, ਅਤੇ ਲੋਕੇਸ਼ਨ ਟਰੇਸ ਕਰ ਕੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਨੇੜੇ ਸਥਿਤ ਇੱਕ ਹੋਟਲ ਤੋਂ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਧਰ ਵਕੀਲ ਬਾਬੂ ਸਿੰਘ ਸਿੱਧੂ ਅਨੁਸਾਰ ਇਸ ਕੇਸ 'ਚ ਗੋਲਡੀ ਬਰਾੜ ਦਾ ਨਾਮ ਕਿਤੇ ਵੀ ਸਾਹਮਣੇ ਨਹੀਂ ਆਇਆ। ਸ਼ਿਕਾਇਤਕਰਤਾ ਸਤਨਾਮ ਸਿੰਘ ਦੀ ਸ਼ਮਸ਼ੇਰ ਸਿੰਘ ਦੇ ਪਰਿਵਾਰ ਨਾਲ ਪੁਰਾਣੀ ਰੰਜਿਸ਼ ਹੈ। ਇਸੇ ਰੰਜਿਸ਼ ਤਹਿਤ ਉਹ ਦੋਹਾਂ ਦਾ ਨਾਮ ਲੈ ਰਿਹਾ ਹੈ, ਅਤੇ ਇਹ ਸਾਰੀ ਕਾਰਵਾਈ ਰੰਜਿਸ਼ਨ ਹੋਈ ਹੈ। ਇਸ ਦਾ ਰੰਗਦਾਰੀ ਨਾਲ ਕੋਈ ਲੈਣਾ-ਦੇਣਾ ਨਹੀਂ।

ਹਰ ਪਾਸੇ ਸਿੱਖ ਤੇ ਸਿੱਖਾਂ ਦੀ ਦਿੱਖੇ ਦਸਤਾਰ, ਘੱਟੋ-ਘੱਟ ਤਿੰਨ ਬੱਚੇ ਕਰੋ ਪੈਦਾ : ਜਥੇਦਾਰ ਗੜਗੱਜ

ਅੰਮ੍ਰਿਤਸਰ: ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੀ ਪਾਵਨ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਗੁਰਤਾ ਗੱਦੀ ਦੇ 350 ਸਾਲ ਪੂਰੇ ਹੋਣ 'ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੀ ਧਰਤੀ ਉਤੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਸ਼ਿਰਕਤ ਕੀਤੀ।

ਇਸ ਦੌਰਾਨ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਦੀ ਲਗਾਤਾਰ ਘੱਟ ਰਹੀ ਆਬਾਦੀ 'ਤੇ ਗਹਿਰੀ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗਿਣਤੀ 'ਚ ਆ ਰਹੀ ਕਮੀ ਕੌਮ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ ਜਿਸ ਵੱਲ



ਹਰ ਸਿੱਖ ਨੂੰ ਸੰਵੇਦਨਸ਼ੀਲਤਾ ਨਾਲ ਧਿਆਨ ਦੇਣ ਦੀ ਲੋੜ ਹੈ।

ਇਸ ਦੌਰਾਨ ਜਥੇਦਾਰ ਨੇ ਸਿੱਖ ਪਰਿਵਾਰਾਂ ਨੂੰ ਘੱਟੋ-ਘੱਟ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਦਾ ਹੁਕਮ ਦਿੱਤਾ।

ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਦ